Bank of Canada

ਤੁਰੰਤ ਛਾਪਣ ਵਾਸਤੇ
25 ਅਗੱਸਤ 2004

ਸੰਪਰਕ: ਏਨੀ ਪੋਰਟਲੈਂਸ
(613) 782-8782

**ਬੈਂਕ ਆਫ਼ ਕੈਨੇਡਾ ਨੇ 20 ਡਾਲਰ ਦਾ ਨਵਾਂ ਨੋਟ ਕੱਢਿਆ**

**ਵੈਂਕੂਵਰ**— ਅੱਜ ਬੈਂਕ ਆਫ਼ ਕੈਨੇਡਾ ਨੇ 20 ਡਾਲਰ ਦਾ ਇੱਕ ਨਵਾਂ ਨੋਟ ਕੱਢਿਆ ਹੈ, ਜਿਸ ਦਾ ਵਿਸ਼ਾ ਹੈ *ਕਲਾਵਾਂ ਅਤੇ ਸਭਿਆਚਾਰ।* ਨਵੇਂ ਨੋਟ ਤੋਂ ਪਰਦਾ ਇੱਕ ਸਮਾਰੋਹ ਦੇ ਵਿੱਚ ਰਾਸ਼ਟ੍ਰੀ ਆਮਦਨ ਦੇ ਮੰਤ੍ਰੀ ਮਾਨਯੋਗ ਜੋਹਨ ਮਕੈਲਮ (ਵਿਡਿਓ ਟੇਪ ਰਾਹੀਂ), ਅਤੇ ਪਾਲ ਜੇਨਕਿਨਸ, ਬੈਂਕ ਆਫ਼ ਕੈਨੇਡਾ ਦੇ ਸਿਨਿਅਰ ਡਿਪਟੀ ਗਵਰਨਰ ਨੇ ਹਟਾਇਆ।

ਪਰਦਾ ਹਟਾਉਣ ਦੀ ਰਸਮ ਕਰਦੇ ਹੋਏ ਸ਼੍ਰੀਮਾਨ ਜੇਨਕਿਨਸ ਨੇ ਕਿਹਾ ਕਿ "ਬੈਂਕ ਦੇ ਨੋਟ ਸਾਡੇ ਦੇਸ਼ ਦੀ ਆਰਥਕ ਸਰਗਰਮੀ ਦਾ ਅਨਿਖੜਵਾਂ ਭਾਗ ਹੈ, ਅਤੇ ਹਰ ਸਾਲ ਨਕਦ ਪੈਸਿਆਂ ਦੀ ਵਰਤੋਂ ਵੱਧਦੀ ਹੀ ਰਹਿੰਦੀ ਹੈ। ਇਸ ਲਈ, ਇਹ ਜ਼ਰੁਰੀ ਹੈ ਕਿ ਕਨੇਡਾ ਦੇ ਲੋਕ ਸਾਡੇ ਬੈਂਕ ਦੇ ਨੋਟਾਂ ਤੇ ਪੂਰਾ ਵਿਸ਼ਵਾਸ ਰੱਖਣ। ਨਵਾਂ 20 ਡਾਲਰ ਦਾ ਨੋਟ ਇਸ ਤਰ੍ਹਾਂ ਦਾ ਹੈ ਕਿ ਇਸ ਨੂੰ ਕਨੇਡਾ ਦੇ ਸਾਰੇ ਲੋਕ ਪੂਰੇ ਵਿਸ਼ਵਾਸ ਅਤੇ ਅਭਿਮਾਨ ਨਾਲ ਵਰਤ ਸਕਦੇ ਹਨ।"

20 ਡਾਲਰ ਦਾ ਨਵਾਂ ਨੋਟ ਕਨੇਡਿਅਨ ਜਰਨੀ ਸਿਰਿਜ਼ ਦਾ ਚੌਥਾ ਨੋਟ ਹੈ. ਅਤੇ ਇਸ ਵਿੱਚ, ਹਾਲ ਵਿੱਚ ਹੀ ਕੱਢੇ ਗਏ $100 ਦੇ ਨੋਟ ਦੀ ਤਰ੍ਹਾਂ ਨਕਲੀ ਨੋਟ ਨਾ ਬਣਾਏ ਜਾਣ ਦੇ ਲੱਛਣ ਵੀ ਹਨ। ਜਿਸ ਵਿੱਚ ਧਾਤੂ ਦੀ ਚਮਕਦੀ ਹੋਈ ਇਕ ਤਾਰ, ਇੱਕ ਪਾਣੀ ਦੇ ਨਿਸ਼ਾਨਾਂ ਵਾਲੀ ਤਸਵੀਰ, ਇੱਕ ਖਾਣੇਆਂ ਵਾਲਾ ਰੰਗ ਬਦਲਨ ਵਾਲਾ ਕਾਗਜ਼ ਦੇ ਅੰਦਰ ਪਿਰੋਆ ਹੋਇਆ ਧਾਗਾ, ਅਤੇ ਪਾਰਦਰਸ਼ੀ ਨੰਬਰ ਵੀ ਸ਼ਾਮਲ ਹਨ। ਨਵੇਂ ਨੋਟ ਵਿੱਚ ਸੁਰੱਖਿਆ ਲਈ ਹੋਰ ਵੀ ਵੱਧਾਏ ਹੋਏ ਨਕਸ਼ ਵੀ ਹਨ, ਜਿਂਵੇ ਕਿ ਉੱਚੀ ਉਠੀ ਹੋਈ ਸਿਆਹੀ (ਇੰਟੈਗਲਿਓ), ਬਹੁਤ ਪਤਲਾ ਪ੍ਰਿੰਟ, ਅਤੇ ਅਲਟਰਾ ਵਾਇਲੈਟ ਰੋਸ਼ਨੀ ਵਿੱਚ ਦੇਖਣ ਲਈ ਹੋਰ ਵੀ ਵੱਧੀਆ ਲਾਲ ਅਤੇ ਪੀਲਾ ਲਿਸ਼ਕਾਰਾ।

ਸ਼੍ਰੀਮਾਨ ਜੇਨਕਿਨਸ ਨੇ ਸ਼੍ਰੋਤੇਆਂ ਨੂੰ ਯਾਦ ਦਿਲਵਾਇਆ ਕਿ ਵੱਧਾਏ ਗਏ ਨਕਸ਼ਾਂ ਨੂੰ ਜਾਣਨਾ ਆਸਾਨ ਹੈ ਅਤੇ ਪਰ ਉਸ ਦੀ ਨਕਲ ਕਰਨਾ ਮੁਸ਼ਕਿਲ ਹੈ। ਸ਼੍ਰੀਮਾਨ ਜੇਨਕਿਨਸ ਨੇ ਕਿਹਾ ਕਿ "ਅਸੀ ਦੁਕਾਨਦਾਰਾਂ ਅਤੇ ਜਨਤਾ ਨੂੰ ਦੱਸਣਾ ਚਾਹੁੰਦੇ ਹਾਂ ਕਿ ਇੱਕ ਅਸਲੀ ਅਤੇ ਨਕਲੀ ਨੋਟ ਵਿੱਚ ਅੰਤਰ ਦੱਸਣਾ ਕਿਨ੍ਹਾਂ ਆਸਾਨ ਹੈ। ਅਸੀ ਚਾਹੁੰਦੇ ਹਾਂ ਕਿ ਲੋਕੀ ਆਪਣੀ ਭਾਣ, ਖਰੀਦ ਦੀ ਰਸੀਦ, ਜਾਂ ਕਰੈਡਿਟ ਕਾਰਡ ਦੀ ਰਸੀਦ ਦੀ ਤਰ੍ਹਾਂ ਨੋਟਾਂ ਨੂੰ ਚੈਕ ਕਰਨਾ ਵੀ ਆਪਣੀ ਆਦਤ ਬਣਾ ਲੈਣ।" ਇਹ ਇਹਨਾਂ ਆਸਾਨ ਹੈ, ਨੋਟ ਨੂੰ ਛੂਹਣਾ. ਟੇਡਾ ਕਰਨਾ, ਇਸ ਨੂੰ ਦੇਖਣਾ. ਅਤੇ ਉਸ ਦੇ ਆਰ-ਪਾਰ ਦੇਖਣਾ।

20 ਡਾਲਰ ਦੇ ਨਵੇਂ ਨੋਟ ਵਿੱਚ *ਕਲਾਵਾਂ ਅਤੇ ਸਭਿਆਚਾਰ ਵਿਸ਼ੇ* ਨੂੰ ਅਤੇ ਕੈਨੇਡਾ ਦੀ ਬੇਜੋੜ ਸਭਿਆਚਾਰਕ ਭਿਨੰਤਾ ਅਤੇ ਕਲਾਤਮਕ ਪ੍ਰਗਟਾਉ ਨੂੰ ਸਨਮੁਖ ਲਿਆਉਣ ਲਈ, ਕਨੇਡਾ ਦੇ ਕਲਾਕਾਰ ਬਿਲ ਰੀਡ ਦੇ ਦੁਨਿਆ ਵਿੱਚ ਜਾਣੇ ਪੱਛਾਣੇ ਵਧੀਆ ਕੰਮ ਨੂੰ ਨੋਟ ਦੇ ਪਿੱਛਲੇ ਪਾਸੇ ਦਰਸਾਇਆ ਗਿਆ ਹੈ। ਮੰਤ੍ਰੀ ਮਕਾਲਮ ਨੇ ਕਿਹਾ ਕਿ "ਇਹ ਬੈਂਕ ਨੋਟ ਵਿਅਕਤੀਗਤ ਕਨੇਡਿਅਨ ਲੋਕਾਂ ਦੇ ਅਤੇ ਸੰਪੂਰਣ ਦੇਸ਼ ਦੇ ਕਲਾ ਅਤੇ ਸਭਿਆਚਾਰ ਵਿੱਚ ਯੋਗਦਾਨ  ਦਾ ਜੱਸ ਫੈਲਾਉਂਦਾ ਹੈ। ਕਨੇਡਾ ਦਾ ਸਭਿਆਚਾਰਕ ਕੰਮ, ਕਹਾਣੀਆਂ, ਅਤੇ ਚਿਨ੍ਹ ਕੇਵਲ ਇਹ ਹੀ ਨਹੀਂ ਦੱਸਦੇ ਕਿ ਅਸੀ ਕੀ ਹਾਂ, ਅਤੇ ਅਸੀ ਕਿਥੋਂ ਆਏ ਹਾਂ, ਬਲਕਿ ਇਸ ਗੱਲ ਦੀ ਪਰਿਭਾਸ਼ਾ ਵੀ ਦਿੰਦੇ ਹਨ ਕਿ ਅਸੀ ਕੀ ਬਣਨਾ ਚਾਹਾਂਗੇ-ਇਕ ਦੇਸ਼ ਵਜੋਂ ਸਾਡੇ ਸੰਸਕਾਰ ਅਤੇ ਸਾਡੀਆਂ ਅਕਾਂਖਿਆਂ ਕੀ ਹਨ।"

ਨਵੇਂ ਨੋਟ ਨੂੰ 29 ਸਿਤੰਬਰ 2004 ਨੂੰ ਪ੍ਰਚਾਰਿਤ ਕੀਤਾ ਜਾਵੇਗਾ, ਅਤੇ ਉਸ ਤਾਰੀਖ ਤੋਂ ਲੈ ਕੇ ਦੋ ਹਫ਼ਤੇ ਦੇ ਵਿੱਚ ਸਾਰੇ ਦੇਸ਼ ਵਿੱਚ ਉਪਲਬਧ ਹੋਵੇਗਾ।ਪਹਿਲੀਆਂ ਲੜੀਆਂ ਵਾਲੇ ਬੈਂਕ ਨੋਟ ਹਾਲੇ ਵੀ ਕਾਨੂੰਨੀ ਤੌਰ ਤੇ ਜਾਇਜ਼ ਧਨ ਮੰਨੇ ਜਾਣਗੇ। ਜਿੰਓ ਜਿੰਓ ਬੈਂਕ ਇਸ ਨਵੇਂ ਨੋਟ ਨੂੰ ਕੱਢਣ ਦੀ ਤਿਆਰੀ ਕਰਦਾ ਹੈ, ਇਸ ਦੇ ਨਾਲ ਹੀ ਇਹ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਦੀ, ਵਿਤ ਇਦਾਰੇਆਂ ਦੀ, ਅਤੇ ਮਹਿਮਾਣ-ਨਵਾਜ਼ੀ ਉੱਦਯੋਗ ਦੀ ਇਸ ਦੇ ਨਵੇਂ ਸੁਰੱਖਿਆ ਲੱਛਣਾ ਨਾਲ ਜਾਣ-ਪੱਛਾਣ ਕਰਵਾ ਰਿਹਾ ਹੈ।

**ਸੰਪਾਦਕ ਲਈ ਨੋਟ:**

- ਨਵੇਂ $20 ਦੇ ਨੋਟ ਦੇ ਅੱਗਲੇ ਅਤੇ ਪਿੱਛਲੇ ਪਾਸੇ ਦੀਆਂ ਫੋਟੋ ਦੇ ਨਾਲ ਇੱਕ ਸੀ ਡੀ ਬੇਨਤੀ ਕਰਕੇ ਮੰਗਵਾਈ ਜਾ ਸਕਦੀ ਹੈ।
- ਇਸ 20 ਡਾਲਰ ਦੇ ਨਵੇਂ ਨੋਟ ਦੀ ਛਪਾਈ, ਇਸ ਵਿਚਲੀਆਂ ਸੁਰੱਖਿਆ ਖੂਬੀਆਂ, ਅਤੇ ਸੀਨੀਅਰ ਡਿਪਟੀ ਗਵਰਨਰ ਪਾਲ ਜੈਨਕਿੰਜ਼ ਨਾਲ ਮੁਲਾਕਾਤ ਦੀਆਂ ਝਲਕਾਂ ਬਾਰੇ ਇੱਕ ਬੀਟਾ ਫਿਲਮ ਵੀ ਬੇਨਤੀ ਕਰਨ ਤੇ ਮੁਹੱਈਆ ਕੀਤੀ ਜਾ ਸਕਦੀ ਹੈ।